# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 23-06-2024**

18ਵੀਂ ਲੋਕ ਸਭਾ ਦਾ ਪਹਿਲਾ ਇਜਲਾਸ ਕੱਲ੍ਹ ਤੋਂ ਸ਼ੁਰੂ ਹੋ ਰਿਹਾ ਏ। ਇਜਲਾਸ ਦੌਰਾਨ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੂੰ ਸਹੁੰ ਚੁਕਾਈ ਜਾਵੇਗੀ। BJP ਦੇ ਸੀਨੀਅਰ ਸੰਸਦ ਮੈਂਬਰ ਭਰਤ ਹਰੀ ਮਹਿਤਾਬ ਨਵੇਂ ਲੋਕ ਸਭਾ ਸੰਸਦ ਮੈਂਬਰਾਂ ਨੂੰ ਸਹੁੰ ਚੁਕਾਉਣਗੇ। ਸ੍ਰੀ ਮਹਿਤਾਬ ਨੂੰ ਆਰਜ਼ੀ ਸਪੀਕਰ ਬਣਾਇਆ ਗਿਆ ਏ। ਨਵੀਂ ਲੋਕ ਸਭਾ ਦੇ ਸਪੀਕਰ ਦੀ ਚੋਣ 26 ਜੂਨ ਨੂੰ ਹੋਵੇਗੀ। 27 ਜੂਨ ਨੂੰ ਲੋਕ ਸਭਾ ਅਤੇ ਰਾਜ ਸਭਾ ਦਾ ਸਾਂਝਾ ਇਜਲਾਸ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੰਬੋਧਨ ਨਾਲ ਸ਼ੁਰੂ ਹੋਵੇਗਾ। ਇਹ ਇਜਲਾਸ 3 ਜੁਲਾਈ ਤੱਕ ਚੱਲੇਗਾ।

---

ਪੰਜਾਬ ਦਾ ਪਠਾਨਕੋਟ ਜ਼ਿਲ੍ਹਾ ਸੂਬੇ ਵਿੱਚ ਸਭ ਤੋਂ ਵਧੀਆ ਗੁਣਵੱਤਾ ਵਾਲੀ ਲੀਚੀ ਦਾ ਉਤਪਾਦਨ ਕਰਦਾ ਏ ਅਤੇ ਸੂਬੇ ਦੇ ਲੀਚੀ ਉਤਪਾਦਨ ਵਿੱਚ 60 ਫ਼ੀਸਦ ਯੋਗਦਾਨ ਪਾਉਂਦਾ ਏ। ਜ਼ਿਲ੍ਹੇ ਵਿੱਚ ਲੀਚੀ ਦੀ ਖੇਤੀ

ਦਾ ਵਿਸਥਾਰ ਹੋ ਰਿਹਾ ਏ। ਹਰ ਸਾਲ ਨਵੇਂ ਬਾਗ ਲਗਾਏ ਜਾ ਰਹੇ ਨੇ ਜਿਸ ਨਾਲ ਕਿਸਾਨਾਂ ਨੂੰ ਚੰਗੀ ਆਮਦਨ ਹੋ ਰਹੀ ਏ।

---------------------------------------------------------------

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਦਿਆਂ, ਅਜਨਾਲਾ ਤੋਂ ਤਿੰਨ ਕਾਰਕੁੰਨਾਂ ਨੂੰ ਗ੍ਰਿਫਤਕਾਰ ਕਰਕੇ, ਅਮਰੀਕਾ ਸਥਿਤ ਤਸਕਰ ਸਰਵਣ ਸਿੰਘ ਉਰਫ਼ ਭੋਲਾ ਹਵੇਲੀਆਂ ਦੀ ਹਮਾਇਤ ਪ੍ਰਾਪਤ ਨਾਰਕੋਟਿਕਸ ਅਤੇ ਸੰਗਠਿਤ ਅਪਰਾਧ ਦੇ ਗਠਜੋੜ ਦਾ ਪਰਦਾਫਾਸ਼ ਕੀਤਾ ਏ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਕਲ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਖਾਲੜਾ ਵਾਸੀ ਕਰਨਜੀਤ ਸਿੰਘ, ਅੰਮ੍ਰਿਤਸਰ ਦੇ ਰਾਜਾ ਸਾਂਸੀ ਵਾਸੀ ਅਕਾਸ਼ ਸੇਠ ਉਰਫ਼ ਰਘੂ ਅਤੇ ਸੁਖਦੀਪ ਸਿੰਘ ਵਜੋਂ ਹੋਈ ਏ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ ’ਚੋਂ 6 ਪਿਸਤੌਲਾਂ, 6 ਅਣਚਲੇ ਕਾਰਤੂਸ ਅਤੇ 10 ਮੈਗਜ਼ੀਨ, 200 ਗ੍ਰਾਮ ਹੈਰੋਇਨ ਅਤੇ ਇੱਕ ਵਜ਼ਨ ਤੋਲਣ ਵਾਲੀ ਇਲੈਕਟਰਾਨਿਕ ਮਸ਼ੀਨ ਵੀ ਬਰਾਮਦ ਕੀਤੀ ਏ। ਗੌਰਵ ਯਾਦਵ ਨੇ ਦੱਸਿਆ ਕਿ ਇਤਲਾਹ ਮਿਲੀ ਸੀ ਕਿ ਸਰਵਣ ਸਿੰਘ ਦੇ ਸਾਥੀਆਂ ਨੇ ਹਥਿਆਰਾਂ ਦੀ ਖੇਪ ਬਰਾਮਦ ਕੀਤੀ ਏ, ਅਤੇ ਉਹ ਇਸ ਖੇਪ ਨੂੰ ਕਿਸੇ ਹੋਰ ਨੂੰ ਸੌਂਪਣ ਜਾ ਰਿਹਾ ਏ। ਜਿਸ ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ ਤਿੰਨਾਂ

ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਜ਼ਿਕਰਯੋਗ ਏ ਕਿ ਭੋਲਾ ਹਵੇਲੀਆਂ, ਜਿਸ ਦੀ ਗ੍ਰਿਫਤਾਰੀ ’ਤੇ 2 ਲੱਖ ਰੁਪਏ ਦਾ ਇਨਾਮ ਸੀ, ਕਥਿਤ ਨਸ਼ਾ ਤਸਕਰ ਰਣਜੀਤ ਉਰਫ ਚੀਤਾ ਦਾ ਭਰਾ ਏ ਅਤੇ 532 ਕਿਲੋ ਹੈਰੋਇਨ ਦੇ ਮਾਮਲੇ ’ਚ ਲੋੜੀਂਦਾ ਸੀ, ਜਿਸ ਦੇ ਸਬੰਧ ਵਿੱਚ ਉਸਨੂੰ ਮਈ 2020 ’ਚ ਗ੍ਰਿਫਤਾਰ ਕੀਤਾ ਗਿਆ ਸੀ।

---

ਤੁਰਕੀ ਦੇ ਅੰਟਾਲੀਆ ਵਿੱਚ ਹੋਏ ਤੀਜੇ ਵਿਸ਼ਵ ਕੱਪ ਦੇ ਔਰਤ ਕੰਪਾਊਂਡ ਟੀਮ ਮੁਕਾਬਲੇ ਵਿੱਚ ਮਾਨਸਾ ਜ਼ਿਲ੍ਹੇ ਦੀ ਧੀ ਪਰਨੀਤ ਕੌਰ ਨੇ ਤੀਰਅੰਦਾਜ਼ੀ ਵਿੱਚ ਸੋਨ ਤਮਗਾ ਹਾਸਲ ਕਰਕੇ, ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ ਏ। ਪਰਨੀਤ ਕੌਰ ਦੀ ਕਾਮਯਾਬੀ ਮਗਰੋਂ, ਉਸ ਦੇ ਜ਼ਿਲ੍ਹਾ ਮਾਨਸਾ ਵਿਚਲੇ ਪਿੰਡ ਮੰਢਾਲੀ ਵਿਖੇ ਖੁਸ਼ੀ ਦਾ ਮਾਹੌਲ ਏ। ਤੀਰਅੰਦਾਜ਼ ਪ੍ਰਨੀਤ ਕੌਰ, ਜੋਤੀ ਸੁਰੇਖਾ ਵੇਨਮ ਅਤੇ ਅਦਿਤੀ ਸਵਾਮੀ ਦੀ ਕੰਪਾਊਂਡ ਮਹਿਲਾ ਟੀਮ ਨੇ ਇਸ ਸਾਲ ਲਗਾਤਾਰ ਤੀਜਾ ਵਿਸ਼ਵ ਕੱਪ ਜਿੱਤਿਆ ਏ। ਵਿਸ਼ਵ ਕੱਪ ਵਿੱਚ ਭਾਰਤੀ ਤਿਕੜੀ ਨੇ ਫਾਈਨਲ ਵਿੱਚ ਇਸ-ਟੋਨੀਆ ਦੀ ਲਿਸੇਲ ਜਾਤਮਾ, ਮੀਰੀ ਮਾਰੀ-ਏਟਾ ਪਾਸ ਅਤੇ ਮਾਰਿਸ ਟੈਟਸ-ਮੈਨ ਟੀਮ ਨੂੰ 232- 229 ਨਾਲ ਹਰਾਇਆ। ਇਸ ਤੋਂ ਪਹਿਲਾਂ ਭਾਰਤੀ

ਕੰਪਾਊਂਡ ਟੀਮ ਨੇ ਅਪ੍ਰੈਲ ਵਿੱਚ ਸ਼ੰਘਾਈ ਵਿੱਚ ਹੋਏ ਇਸ ਸਾਲ ਦੇ ਪਹਿਲੇ ਵਿਸ਼ਵ ਕੱਪ ਅਤੇ ਮਈ ਵਿੱਚ ਯੇਚਿ-ਓਨ ਵਿੱਚ ਹੋਏ ਸਾਲ ਦੇ ਦੂਜੇ ਵਿਸ਼ਵ ਕੱਪ ਵਿੱਚ ਸੋਨ ਤਮਗਾ ਜਿੱਤਿਆ ਸੀ।

----------------------------------------------------

ਭਾਰਤ ਦੀ ਸ੍ਰੀਜਾ ਅਕੁਲਾ ਵਿਸ਼ਵ ਟੇਬਲ ਟੈਨਿਸ ਕੰਟੈਂਡਰ ਚੈਂਪੀਅਨਸ਼ਿਪ ਦੇ ਸਿੰਗਲਜ਼ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਖਿਡਾਰੀ ਬਣ ਗਈ ਏ। ਸ੍ਰੀਜਾ ਨੇ ਨਾਈਜੀਰੀਆ ਦੇ ਲਾਗੋਸ ਵਿੱਚ ਹੋਏ ਮੁਕਾਬਲੇ ਦੇ ਸਿੰਗਲ ਅਤੇ ਡਬਲਜ਼ ਦੋਵਾਂ ਵਰਗਾਂ ਦੇ ਫਾਈਨਲ ਵਿੱਚ ਥਾਂ ਬਣਾਈ ਏ। ਪਹਿਲੇ ਸਿੰਗਲ ਸੈਮੀ-ਫਾਈਨਲ 'ਚ ਉਸ ਨੇ ਆਪਣੇ ਹੀ ਦੇਸ਼ ਦੀ ਸੁਤੀਰਥਾ ਮੁਖਰਜੀ ਨੂੰ 3-2 ਨਾਲ ਹਰਾਇਆ ਅਤੇ ਫਿਰ ਦੂਜੇ ਸੈਮੀ-ਫਾਈਨਲ 'ਚ ਚੀਨ ਦੀ ਡਿੰਗ ਯੀ.ਜੀ ਨੇ ਭਾਰਤ ਦੀ ਆਈਕਾ ਮੁਖਰਜੀ ਨੂੰ ਹਰਾਇਆ। ਹੁਣ ਸ੍ਰੀਜਾ ਅਤੇ ਡਿੰਗ ਯੀਜੀ ਅੱਜ ਸ਼ਾਮ ਸਿੰਗਲਜ਼ ਫਾਈਨਲ ਵਿੱਚ ਖੇਡਣਗੇ।

----------------------------------------------------

ਕੁਝ ਦਿਨਾਂ ਦੀ ਰਾਹਤ ਤੋਂ ਬਾਅਦ ਪੰਜਾਬ 'ਚ ਇਕ ਵਾਰ ਫਿਰ ਤਾਪਮਾਨ ਵਧਦਾ ਜਾ ਰਿਹਾ ਏ। ਇੱਕ ਦਿਨ ਵਿੱਚ

ਔਸਤਨ 3.2 ਡਿਗਰੀ ਦਾ ਵਾਧਾ ਹੋਇਆ ਏ । ਮੌਸਮ ਵਿਭਾਗ ਨੇ 24 ਅਤੇ 25 ਜੂਨ ਲਈ ਹੀਟਵੇਵ ਬਾਰੇ ਚੇਤਾਵਨੀ ਜਾਰੀ ਕੀਤੀ ਏ ਪਰ 26 ਜੂਨ ਤੋਂ ਮਾਨਸੂਨ ਨਾਲ ਰਾਹਤ ਵੀ ਮਿਲੇਗੀ। ਮੌਸਮ ਵਿਭਾਗ ਅਨੁਸਾਰ ਅੱਜ ਵੀ ਤਾਪਮਾਨ ਵਿੱਚ ਮਾਮੂਲੀ ਵਾਧਾ ਦੇਖਣ ਨੂੰ ਮਿਲੇਗਾ। 24-25 ਜੂਨ ਨੂੰ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਦਾ ਤਾਪਮਾਨ 40 ਤੋਂ 45 ਡਿਗਰੀ ਦੇ ਵਿਚਕਾਰ ਦਰਜ ਕੀਤਾ ਜਾਵੇਗਾ। ਇਸ ਕਾਰਨ ਹੀਟਵੇਵ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਏ । ਗਰਮੀ ਦੀ ਲਹਿਰ ਦਾ ਅਸਰ ਸਿਰਫ਼ ਦੋ ਦਿਨ ਹੀ ਰਹੇਗਾ। ਪੰਜਾਬ ਵਿੱਚ 26 ਜੂਨ ਤੋਂ ਪ੍ਰੀ-ਮਾਨਸੂਨ ਦੇ ਸਰਗਰਮ ਹੋਣ ਦੀ ਸੰਭਾਵਨਾ ਏ । 26 ਅਤੇ 27 ਜੂਨ ਨੂੰ ਸੂਬੇ ਦੇ ਕੁਝ ਇਲਾਕਿਆਂ ਵਿੱਚ ਹਲਕੀ ਬਾਰਿਸ਼ ਜਦਕਿ ਕਈ ਥਾਈਂ ਬੱਦਲ ਛਾਏ ਰਹਿਣ ਅਤੇ 28 ਜੂਨ ਨੂੰ ਬਹੁਤੇ ਇਲਾਕਿਆਂ ਵਿੱਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਏ।